# ਕਾਰਟੇਰੇਟ ਸਕੂਲ ਡਿਸਟ੍ਰਿਕਟ



# ਦੁਭਾਸ਼ੀ ਸਿੱਖਿਆ ਸਬੰਧੀ
# ਮਾਪੇ ਲਈ ਪੁਸਤਿਕਾ

ਦੁਭਾਸ਼ੀ/ESL ਵਿਭਾਗ

ਇਸ ਪੁਸਤਿਕਾ ਦਾ ਮਕਸਦ

ਤੁਹਾਡੇ ਬੱਚੇ ਦੀ ਸਿਫਾਰਸ਼ ਅੰਗਰੇਜ਼ੀ ਭਾਸ਼ਾ ਦੇ ਸਿਖਿਆਰਥੀਆਂ (English Language Learners) ਵਾਸਤੇ ਇੱਕ ਪ੍ਰੋਗਰਾਮ ਵਾਸਤੇ ਕੀਤੀ ਗਈ ਹੈ। ਇਸ ਪੁਸਤਿਕਾ ਵਿਚਲੀ ਜਾਣਕਾਰੀ ਪਿੱਛੇ ਇਰਾਦਾ ਤੁਹਾਨੂੰ ਨਿਮਨਲਿਖਤ ਨੂੰ ਸਮਝਣ ਵਿੱਚ ਮਦਦ ਕਰਨਾ ਹੈ...

- ਉਹ ਪ੍ਰੋਗਰਾਮ ਜਿਸਦੀ ਤੁਹਾਡੇ ਬੱਚੇ ਵਾਸਤੇ ਸਿਫਾਰਸ਼ ਕੀਤੀ ਜਾ ਰਹੀ ਹੈ ਅਤੇ ਇਹ ਪ੍ਰੋਗਰਾਮ ਕਿਸ ਤਰ੍ਹਾਂ ਤੁਹਾਡੇ ਬੱਚੇ ਨੂੰ ਅੰਗਰੇਜ਼ੀ ਸਿੱਖਣ ਵਿੱਚ ਅਤੇ ਕਾਰਟੇਰੇਟ ਸਕੂਲ ਡਿਸਟ੍ਰਿਕਟ ਦੇ ਤਰੱਕੀ ਮਿਆਰਾਂ ਦੀ ਪੂਰਤੀ ਕਰਨ ਵਿੱਚ ਕਿਸ ਤਰ੍ਹਾਂ ਮਦਦ ਕਰੇਗਾ।
- ਤੁਹਾਡੇ ਬੱਚੇ ਦੇ ਕਿੰਨ੍ਹਾ ਕੁ ਸਮਾਂ ਸਿਫਾਰਸ਼ ਕੀਤੇ ਜਾਂਦੇ ਪ੍ਰੋਗਰਾਮ ਵਿੱਚ ਬਣੇ ਰਹਿਣ ਦੀ ਉਮੀਦ ਕੀਤੀ ਜਾਂਦੀ ਹੈ।
- ਸਿਫਾਰਸ਼ ਕੀਤੇ ਜਾਂਦੇ ਪ੍ਰੋਗਰਾਮ ਵਿੱਚੋਂ ਬਾਹਰ ਨਿਕਲਣ ਲਈ ਲੋੜਾਂ।

# ਦੁਭਾਸ਼ੀ ਪ੍ਰੋਗਰਾਮ (Bilingual Program)

## ਦੁਭਾਸ਼ੀ ਪ੍ਰੋਗਰਾਮ ਵਾਸਤੇ ਟੀਚਾ

ਕਾਰਟੇਰੇਟ ਸਕੂਲ ਡਿਸਟ੍ਰਿਕਟ ਦਾ ਟੀਚਾ ਇਹ ਹੈ ਕਿ ਉਹ ਸਾਰੇ ਵਿਦਿਆਰਥੀ ਜੋ ਦੁਭਾਸ਼ੀ ਪ੍ਰੋਗਰਾਮ ਵਿੱਚ ਹਨ, ਅਕਾਦਮਿਕ ਅੰਗਰੇਜ਼ੀ ਸਿੱਖਦੇ ਹੋਏ ਸੂਬੇ ਦੇ ਪਾਠਕ੍ਰਮ ਵਿੱਚ ਸਫਲ ਹੋਣਗੇ।

## ਕਾਰਟੇਰੇਟ ਸਕੂਲ ਡਿਸਟ੍ਰਿਕਟ ਵਿੱਚ ਦੁਭਾਸ਼ੀ ਪ੍ਰੋਗਰਾਮ ਕੀ ਹੈ?

ਦੁਭਾਸ਼ੀ ਪ੍ਰੋਗਰਾਮ ਸੂਬੇ ਵੱਲੋਂ ਲੋੜੀਂਦੇ ਪਾਠਕ੍ਰਮ ਨੂੰ ਪੜ੍ਹਾਉਣ ਲਈ ਵਿਦਿਆਰਥੀ ਦੀ ਜੱਦੀ ਭਾਸ਼ਾ ਅਤੇ ਅੰਗਰੇਜ਼ੀ ਦੋਨਾਂ ਦੀ ਵਰਤੋਂ ਕਰਦਾ ਹੈ।

## ਕਿਹੜਾ ਸਕੂਲ ਦੁਭਾਸ਼ੀ ਸਿੱਖਿਆ (Bilingual Education) ਦੀ ਪੇਸ਼ਕਸ਼ ਕਰਦਾ ਹੈ?

ਦੁਭਾਸ਼ੀ/ESL ਪ੍ਰੋਗਰਾਮ ਦੀ ਪੇਸ਼ਕਸ਼ ਕਰਨ ਵਾਲੇ ਸਕੂਲ ਨਿਮਨਲਿਖਤ ਹਨ:

ਪ੍ਰਾਈਵੇਟ ਨਿਕੋਲਸ ਮਿਨੂਏ ਐਲੀਮੈਂਟਰੀ ਸਕੂਲ ਨਾਥਨ
ਹੇਲ ਐਲੀਮੈਂਟਰੀ ਸਕੂਲ
ਕਾਰਟੇਰੇਟ ਮਿਡਲ ਸਕੂਲ

## ਮੇਰੇ ਬੱਚੇ ਦੀ ਦੁਭਾਸ਼ੀ ਪ੍ਰੋਗਰਾਮ ਵਾਸਤੇ ਸਿਫਾਰਸ਼ ਕਿਉਂ ਕੀਤੀ ਜਾਂਦੀ ਹੈ?

ਨਿਊ ਜਰਸੀ ਪ੍ਰਾਂਤ ਇਹ ਲੋੜਦਾ ਹੈ ਕਿ ਸਕੂਲੀ ਜਿਲ੍ਹੇ ਇੱਕ ਦੁਭਾਸ਼ੀ ਪ੍ਰੋਗਰਾਮ ਪ੍ਰਦਾਨ ਕਰਨ ਅਤੇ ਕਿਉਂਕਿ ਤੁਹਾਡਾ ਬੱਚਾ ਅੰਗਰੇਜ਼ੀ ਸਿੱਖਿਆ ਹਾਸਲ ਕਰ ਰਿਹਾ ਹੈ ਅਤੇ ਤੁਹਾਡੇ ਘਰ ਦੀ ਭਾਸ਼ਾ ਅੰਗਰੇਜ਼ੀ ਤੋਂ ਬਿਨਾਂ ਕੋਈ ਹੋਰ ਭਾਸ਼ਾ ਹੈ, ਇਸ ਲਈ ਉਸਦੀ ਸਿਫਾਰਸ਼ ਇਸ ਪ੍ਰੋਗਰਾਮ ਵਾਸਤੇ ਕੀਤੀ ਗਈ ਸੀ।

## ਦੁਭਾਸ਼ੀ ਪ੍ਰੋਗਰਾਮ ਮੇਰੇ ਬੱਚੇ ਵਾਸਤੇ ਸਭ ਤੋਂ ਵਧੀਆ ਸਥਾਪਨਾ ਕਿਉਂ ਹੈ?

- ਦੁਭਾਸ਼ੀ ਪ੍ਰੋਗਰਾਮ ਵਿਚਲੇ ਅਧਿਆਪਕ ਦੁਭਾਸ਼ੀ ਹੁੰਦੇ ਹਨ ਅਤੇ ਉਹਨਾਂ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਵਿਸ਼ੇਸ਼ ਸਿਖਲਾਈ ਪ੍ਰਾਪਤ ਹੁੰਦੇ ਹਨ ਜੋ ਅੰਗਰੇਜ਼ੀ ਨੂੰ ਦੂਜੀ ਭਾਸ਼ਾ ਵਜੋਂ ਸਿੱਖ ਰਹੇ ਹਨ।
- ਦੁਭਾਸ਼ੀ ਅਧਿਆਪਕ ਵਿਦਿਆਰਥੀ ਦੀ ਜੱਦੀ ਭਾਸ਼ਾ ਵਿੱਚ ਅਕਾਦਮਿਕ ਖੇਤਰਾਂ ਵਿੱਚ ਵਿਦਿਆਰਥੀ ਦੇ ਮਜ਼ਬੂਤ ਪੱਖਾਂ ਅਤੇ ਲੋੜਾਂ ਦੀ ਪਛਾਣ ਕਰਨ ਅਤੇ ਇਹਨਾਂ ਮਜ਼ਬੂਤ ਪੱਖਾਂ ਅਤੇ ਲੋੜਾਂ ਅਨੁਸਾਰ ਪੜ੍ਹਾਈ ਨੂੰ ਢਾਲਣ ਦੇ ਯੋਗ ਹੁੰਦੇ ਹਨ।
- ਦੁਭਾਸ਼ੀ ਅਧਿਆਪਕ ਜਾਣਦੇ ਹਨ ਕਿ ਵਿਦਿਆਰਥੀ ਦੀ ਜੱਦੀ ਭਾਸ਼ਾ ਵਿਚਲੀਆਂ ਕਿਹੜੀਆਂ ਧਾਰਨਾਵਾਂ ਅਤੇ ਹੁਨਰ ਆਸਾਨੀ ਨਾਲ ਅੰਗਰੇਜ਼ੀ ਵਿੱਚ ਤਬਦੀਲ ਹੋ ਜਾਂਦੇ ਹਨ ਅਤੇ ਕਿੰਨ੍ਹਾਂ ਵਾਸਤੇ ਵਧੇਰੇ ਕਾਰਜ ਦੀ ਲੋੜ ਹੋ ਸਕਦੀ ਹੈ।

- ਦੁਭਾਸ਼ੀ ਅਧਿਆਪਕ ਵਿਦਿਆਰਥੀ ਦੇ ਮਾਪਿਆਂ ਦੀ ਜੱਦੀ ਭਾਸ਼ਾ ਦੀ ਵਰਤੋਂ ਕਰਦੇ ਹੋਏ, ਦੁਭਾਸ਼ੀ/ESL ਵਿਦਿਆਰਥੀ ਦੇ ਮਾਪਿਆਂ ਦੇ ਨਾਲ ਗੱਲਬਾਤ ਕਰਨ ਦੇ ਯੋਗ ਹੋਣਗੇ।
- ਦੁਭਾਸ਼ੀ/ESL ਪ੍ਰੋਗਰਾਮ ਵਿੱਚ, ਅਧਿਆਪਕ ਅੰਗਰੇਜ਼ੀ ਅਤੇ ਵਿਦਿਆਰਥੀ ਦੀ ਜੱਦੀ ਭਾਸ਼ਾ ਬੋਲਦੇ ਹਨ ਅਤੇ ਉਸ ਭਾਸ਼ਾ ਵਿੱਚ ਪੜ੍ਹਾਉਂਦੇ ਹਨ ਜਿਸਨੂੰ ਉਹ ਸਮਝਦਾ ਹੈ ਅਤੇ ਜਿਸ ਨਾਲ ਉਹ ਵਧੇਰੇ ਸਹਿਜ ਮਹਿਸੂਸ ਕਰਦਾ ਹੈ।
- ਵਿਦਿਆਰਥੀ ਵਧੇਰੇ ਸਿੱਖਦਾ ਹੈ ਅਤੇ ਉਸਦੇ ਸਵੈ-ਮਾਣ ਵਿੱਚ ਵਾਧਾ ਹੁੰਦਾ ਹੈ।
- ਵਿਦਿਆਰਥੀ ਹਰ ਰੋਜ਼ ESL (ਦੂਜੀ ਭਾਸ਼ਾ ਵਜੋਂ ਅੰਗਰੇਜ਼ੀ) ਸਿੱਖਿਆ ਵੀ ਹਾਸਲ ਕਰਦਾ ਹੈ।
- ਸਾਡੇ ਵਿਦਿਆਰਥੀਆਂ ਲਈ ਕਾਲਜ ਜਾਣ ਵਾਸਤੇ ਅਤੇ ਉਹਨਾਂ ਲਈ ਨੌਕਰੀ ਦੇ ਮੌਕਿਆਂ ਨੂੰ ਵਿਸ਼ਾਲ ਕਰਨ ਵਾਸਤੇ, ਉਹਨਾਂ ਦੇ ਭਵਿੱਖ ਲਈ ਅੰਗਰੇਜ਼ੀ ਭਾਸ਼ਾ ਬਹੁਤ ਮਹੱਤਵਪੂਰਨ ਹੈ।

## ਪੜ੍ਹਾਈ ਵਾਸਤੇ ਵਿਦਿਆਰਥੀ ਦੀ ਜੱਦੀ ਭਾਸ਼ਾ ਦੀ ਵਰਤੋਂ ਕਿਉਂ ਕੀਤੀ ਜਾਂਦੀ ਹੈ?

- ਵਿਦਿਆਰਥੀ ਦੀ ਜੱਦੀ ਭਾਸ਼ਾ ਦੀ ਵਰਤੋਂ ਲੋੜੀਂਦੇ ਪਾਠਕ੍ਰਮ ਨੂੰ ਪੜ੍ਹਾਉਣ ਲਈ ਤਦ ਤੱਕ ਕੀਤੀ ਜਾਂਦੀ ਹੈ ਜਦ ਤੱਕ ਤੁਹਾਡਾ ਵਿਦਿਆਰਥੀ ਪਾਠਕ੍ਰਮ ਦਾ ਅੰਗਰੇਜ਼ੀ ਵਿੱਚ ਅਧਿਐਨ ਕਰਨ ਦੇ ਸਮਰੱਥ ਨਹੀਂ ਹੋ ਜਾਂਦਾ।
- ਖੋਜ ਇਹ ਦਿਖਾਉਂਦੀ ਹੈ ਕਿ:
  1. ਜਦੋਂ ਹੋਰ ਭਾਸ਼ਾ ਬੋਲਣ ਵਾਲੇ ਵਿਦਿਆਰਥੀ ਪਹਿਲਾਂ ਆਪਣੀ ਜੱਦੀ ਭਾਸ਼ਾ ਵਿੱਚ ਪੜ੍ਹਨਾ ਸਿੱਖਦੇ ਹਨ, ਤਾਂ ਉਹ ਬਾਅਦ ਵਿੱਚ ਵਧੇਰੇ ਸਫਲ ਹੁੰਦੇ ਹਨ, ਜਦੋਂ ਉਹ ਅੰਗਰੇਜ਼ੀ ਵਿੱਚ ਪੜ੍ਹਾਈ ਕਰਦੇ ਹਨ।
  2. ਇਹੋ ਜਿਹੇ ਹੋਰ ਵਿਦਿਆਰਥੀ ਜੋ ਪਹਿਲਾਂ ਅੰਗਰੇਜ਼ੀ ਵਿੱਚ ਪੜ੍ਹਾਈ ਸਿੱਖਦੇ ਹਨ, ਬਾਅਦ ਦੇ ਸਾਲਾਂ ਵਿੱਚ ਸਫਲ ਨਹੀਂ ਹੁੰਦੇ।

## ਕੀ ਮੇਰਾ ਬੱਚਾ/ਬੱਚੀ ਉਹੀ ਵਿਸ਼ੇ ਅਤੇ ਹੁਨਰ ਆਪਣੀ ਜੱਦੀ ਭਾਸ਼ਾ ਵਿੱਚ ਸਿੱਖੇਗਾ/ਗੀ ਜੋ ਅੰਗਰੇਜ਼ੀ ਵਿੱਚ ਪੜ੍ਹਨ ਵਾਲੇ ਬੱਚੇ ਸਿੱਖਦੇ ਹਨ?

- ਹਾਂ, ਤੁਹਾਡਾ ਬੱਚਾ ਉਸ ਗਰੇਡ ਪੱਧਰ ਵਾਸਤੇ ਪ੍ਰਮੁੱਖ ਪਾਠਕ੍ਰਮ ਸਮੱਗਰੀ ਮਿਆਰ (Core Curriculum Content Standards) ਸਿੱਖੇਗਾ ਜਿਸ ਵਿੱਚ ਉਸਨੇ ਵਰਤਮਾਨ ਸਮੇਂ ਦਾਖਲਾ ਲਿਆ ਹੈ।
- ਭਾਸ਼ਾ ਕਲਾਵਾਂ, ਪੜ੍ਹਨਾ, ਗਣਿਤ, ਵਿਗਿਆਨ, ਅਤੇ ਸਮਾਜਕ ਸਿੱਖਿਆ ਨੂੰ ਸੂਬੇ ਵੱਲੋਂ ਲਾਜ਼ਮੀ ਬਣਾਏ ਪਾਠਕ੍ਰਮ ਦੇ ਭਾਗ ਵਜੋਂ ਪੜ੍ਹਾਇਆ ਜਾਂਦਾ ਹੈ।
- ਆਪਣੀ ਜੱਦੀ ਭਾਸ਼ਾ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਤਰੱਕੀ ਵਾਸਤੇ ਉਹਨਾਂ ਹੀ ਕਸੌਟੀਆਂ ਦੀ ਪੂਰਤੀ ਕਰਨੀ ਲਾਜ਼ਮੀ ਹੈ ਜੋ ਅੰਗਰੇਜ਼ੀ ਭਾਸ਼ਾ ਵਿੱਚ ਪੜ੍ਹਨ ਵਾਲੇ ਵਿਦਿਆਰਥੀ ਪੂਰੀਆਂ ਕਰਦੇ ਹਨ।

## ਦੁਭਾਸ਼ੀ ਪ੍ਰੋਗਰਾਮ ਕਿਸ ਤਰ੍ਹਾਂ ਮੇਰੇ ਬੱਚੇ ਨੂੰ ਅੰਗਰੇਜ਼ੀ ਸਿੱਖਣ, ਪਰ ਫੇਰ ਵੀ ਅਗਲੇ ਗਰੇਡ ਵਿੱਚ ਜਾਣ ਵਾਸਤੇ ਅਕਾਦਮਿਕ ਪ੍ਰਾਪਤੀ ਦੇ ਮਿਆਰਾਂ ਦੀ ਪੂਰਤੀ ਕਰਨ ਵਿੱਚ ਮਦਦ ਕਰੇਗਾ?

- ਤੁਹਾਡਾ ਬੱਚਾ ਗਰੇਡ ਪੱਧਰ ਵਾਸਤੇ ਆਪਣੀ ਜੱਦੀ ਭਾਸ਼ਾ ਵਿੱਚ ਧਾਰਨਾਵਾਂ ਅਤੇ ਹੁਨਰ ਸਿੱਖੇਗਾ ਅਤੇ ਉਹਨਾਂ ਧਾਰਨਾਵਾਂ ਅਤੇ ਹੁਨਰਾਂ ਨੂੰ ਅੰਗਰੇਜ਼ੀ ਵਿੱਚ ਪੱਕੇ ਕਰੇਗਾ।
- ਤੁਹਾਡਾ ਬੱਚਾ ਕਲਾ, ਸੰਗੀਤ, ਅਤੇ ਸਰੀਰਕ ਸਿੱਖਿਆ ਜਿਹੇ ਵਿਸ਼ਿਆਂ ਵਿੱਚ ਬਿਨਾਂ ਅਟਕੇ ਅੰਗਰੇਜ਼ੀ ਬੋਲਣ ਵਾਲਿਆਂ ਨਾਲ ਭਾਗ ਲਵੇਗਾ। ਇਹ ਤੁਹਾਡੇ ਬੱਚੇ ਨੂੰ ਵੀ ਅੰਗਰੇਜ਼ੀ ਵਿੱਚ ਪ੍ਰਵੀਨ ਬਣਨ ਲਈ ਨਕਲ ਕਰਨ ਅਤੇ ਲੋੜੀਂਦਾ ਅਭਿਆਸ ਕਰਨ ਵਿੱਚ ਮਦਦ ਕਰੇਗਾ।
- ਉਹਨਾਂ ਤਬਦੀਲੀਆਂ ਦੀ ਪਛਾਣ ਕਰਨ ਲਈ ਜਿੰਨ੍ਹਾਂ ਦੀ ਪੜ੍ਹਾਈ ਸਬੰਧੀ ਪ੍ਰੋਗਰਾਮ ਵਿੱਚ ਲੋੜ ਪੈ ਸਕਦੀ ਹੈ, ਤੁਹਾਡੇ ਬੱਚੇ ਦਾ ਬਕਾਇਦਾ ਤੌਰ 'ਤੇ ਮੁਲਾਂਕਣ ਕੀਤਾ ਜਾਵੇਗਾ ਤਾਂ ਜੋ ਅੰਗਰੇਜ਼ੀ ਵਿੱਚ ਭਾਸ਼ਾਈ ਪ੍ਰਾਪਤੀ ਦਾ ਪਤਾ ਲਗਾਇਆ ਜਾ ਸਕੇ।
- ਸਾਰੇ ਵਿਸ਼ੇ ਉਮਰ ਅਤੇ ਗਰੇਡ ਲਈ ਉਚਿਤ ਹੁੰਦੇ ਹਨ ਜਿਵੇਂ ਕਿ ਤਰੱਕੀ ਵਾਸਤੇ ਲੋੜ ਹੁੰਦੀ ਹੈ।

## ਮੇਰਾ ਬੱਚਾ ਅੰਗਰੇਜ਼ੀ ਪੜ੍ਹਨ ਲਈ ਸਿੱਖਿਆ ਸ਼ੁਰੂ ਕਰਨ ਵਾਸਤੇ ਕਦੋਂ ਤਿਆਰ ਹੋ ਜਾਂਦਾ ਹੈ?

- ਜਿਵੇਂ ਜਿਵੇਂ ਅੰਗਰੇਜ਼ੀ ਵਿੱਚ ਪ੍ਰਵੀਨਤਾ ਵਧਦੀ ਹੈ, ਅੰਗਰੇਜ਼ੀ ਵਿੱਚ ਵਧੇਰੇ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ।
- ਆਮ ਤੌਰ ’ਤੇ, ਤੁਹਾਡੇ ਬੱਚੇ ਨੂੰ ਸਭ ਕੁਝ ਅੰਗਰੇਜ਼ੀ ਵਿੱਚ ਓਦੋਂ ਪੜ੍ਹਾਇਆ ਜਾਵੇਗਾ ਜਦੋਂ ਤੁਹਾਡਾ ਬੱਚਾ:
  1. ACCESS (ਅਸੈੱਸਿੰਗ ਕੰਪਰੀਹੈਨਸ਼ਨ ਐਂਡ ਕਮਿਊਨੀਕੇਸ਼ਨ ਇਨ ਇੰਗਲਿਸ਼ ਸਟੇਟ-ਟੂ-ਸਟੇਟ ਫਾਰ ਇੰਗਲਿਸ਼ ਲੈਂਗੁਏਜ਼ ਲਰਨਰਜ਼) ’ਤੇ ਲੈਵਲ 4 ਜਾਂ 5 ਦਾ ਸਕੋਰ ਕਰਦਾ ਹੈ।
  2. ਰਿਪੋਰਟ ਕਾਰਡ ਵਿੱਚ ਦਰਸਾਏ ਅਨੁਸਾਰ ਅੰਗਰੇਜ਼ੀ ਵਿੱਚ ਗਰੇਡ-ਪੱਧਰ ਤਰੱਕੀ ਲਈ ਕਸੌਟੀਆਂ ਨੂੰ ਪੂਰਾ ਕਰਨ ਦੇ ਯੋਗ ਹੋ ਜਾਂਦਾ ਹੈ।
  3. ਅਧਿਆਪਕ ਵਿਦਿਆਰਥੀ ਨੂੰ ਪ੍ਰੋਗਰਾਮ ਤੋਂ ਬਾਹਰ ਕਰਨ ਦੀ ਸਿਫਾਰਸ਼ ਕਰਦਾ ਹੈ।

## ਮੈਨੂੰ ਕਿਵੇਂ ਪਤਾ ਚੱਲੇਗਾ ਕਿ ਮੇਰਾ ਬੱਚਾ ਅੰਗਰੇਜ਼ੀ ਸਿੱਖ ਰਿਹਾ ਹੈ?

- ਪੰਜ ਖੇਤਰਾਂ ਵਿੱਚ ਅੰਗਰੇਜ਼ੀ ਭਾਸ਼ਾ ਦੀ ਪ੍ਰਵੀਨਤਾ ਵਾਸਤੇ ਤੁਹਾਡੇ ਬੱਚੇ ਦਾ ਅੰਗਰੇਜ਼ੀ ਵਿੱਚ ਸਾਲਾਨਾ ਮੁਲਾਂਕਣ ਕੀਤਾ ਜਾਵੇਗਾ:
    1. ਸਮਾਜਕ ਅਤੇ ਸਿੱਖਿਆ ਸਬੰਧੀ ਭਾਸ਼ਾ (SI) ਜੋ ਕਲਾਸਰੂਮ ਅਤੇ ਸਕੂਲ ਦੀ ਆਮ ਭਾਸ਼ਾ ਨਾਲ ਨਿਪਟਣ ਲਈ ਲੋੜੀਂਦੀ ਪ੍ਰਵੀਨਤਾ ਨੂੰ ਸ਼ਾਮਲ ਕਰਦੀ ਹੈ।
    2. ਅੰਗਰੇਜ਼ੀ ਭਾਸ਼ਾ ਕਲਾਵਾਂ (LA)
    3. ਗਣਿਤ (MA)
    4. ਵਿਗਿਆਨ (SC)
    5. ਸਮਾਜਕ ਅਧਿਐਨ (SS)

    ਇਹ ਇੱਕ ਸੁਰੱਖਿਅਤ ਮੁਲਾਂਕਣ ਹੈ ਜੋ ਹਰੇਕ ਸੂਬੇ ਵੱਲੋਂ ਨਿਰਣਾ ਕੀਤੀ ਜਾਂਦੀ ਵਿਸ਼ੇਸ਼ ਟੈਸਟਿੰਗ ਮਿਆਦ ਦੌਰਾਨ ਸਾਲਾਨਾ ਕੀਤਾ ਜਾਂਦਾ ਹੈ। ਇਸ ਤਰ੍ਹਾਂ, ELLs ਵਾਸਤੇ ACCESS ਦੀ ਵਰਤੋਂ, ਅੰਗਰੇਜ਼ੀ ਭਾਸ਼ਾ ਸਿੱਖਣ ਵਾਲਿਆਂ ਦੀ ਅੰਗਰੇਜ਼ੀ ਭਾਸ਼ਾ ਵਿੱਚ ਪ੍ਰਵੀਨਤਾ ਲਈ ਸਾਲਾਨਾ ਮੁਲਾਂਕਣ ਕਰਨ ਵਾਸਤੇ ਸੂਬਾਈ ਅਤੇ ਸੰਘੀ ਲੋੜਾਂ ਨੂੰ ਪੂਰਾ ਕਰਨ ਲਈ ਕੀਤੀ ਜਾਂਦੀ ਹੈ।

- ਤੁਹਾਡੇ ਬੱਚੇ ਦੇ ਪ੍ਰਦਰਸ਼ਨ ਦੇ ਸਬੰਧ ਵਿੱਚ ਜਾਣਕਾਰੀ ਤੁਹਾਨੂੰ ਸਕੂਲ ਕੋਲੋਂ ਪ੍ਰਾਪਤ ਹੋਵੇਗੀ।

## ਕਿਸ ਸਮੇਂ ਮੇਰੇ ਬੱਚੇ ਨੂੰ ਦੁਭਾਸ਼ੀ ਪ੍ਰੋਗਰਾਮ ਦੀ ਲੋੜ ਨਹੀਂ ਰਹੇਗੀ?

- ਤੁਹਾਡੇ ਬੱਚੇ ਨੂੰ ਦੁਭਾਸ਼ੀ ਪ੍ਰੋਗਰਾਮ ਵਿੱਚ ਬਣੇ ਰਹਿਣ ਦੀ ਲੋੜ ਨਹੀਂ ਰਹਿ ਜਾਵੇਗੀ ਜਦ ਉਹ ਨਿਮਨਲਿਖਤ ਵਿੱਚੋਂ ਚਾਰ ਕਸੌਟੀਆਂ ਦੀ ਪੂਰਤੀ ਕਰਦਾ ਹੈ:
    1. ਜਦ ਉਹ ਸੂਬੇ ਵੱਲੋਂ ਲੋੜੇ ਜਾਂਦੇ ACCESS (ਅਸੈੱਸਿੰਗ ਕੰਪਰੀਹੈਨਸ਼ਨ ਐਂਡ ਕਮਿਊਨੀਕੇਸ਼ਨ ਇਨ ਇੰਗਲਿਸ਼ ਸਟੇਟ-ਟੂ-ਸਟੇਟ ਫਾਰ ਇੰਗਲਿਸ਼ ਲੈਂਗੁਏਜ਼ ਲਰਨਰਜ਼) ਨੂੰ ਪਾਸ ਕਰ ਲੈਂਦਾ ਹੈ।
    2. ਜੂਨ ਵਿੱਚ ਲਏ ਜਾਂਦੇ IPT ਟੈਸਟ 'ਤੇ ਬਾਹਰ ਜਾਣ ਲਈ ਲੋੜੀਂਦਾ ਸਕੋਰ ਹਾਸਲ ਕਰ ਲੈਂਦਾ ਹੈ।
    3. ਭਾਸ਼ਾ ਕਲਾਵਾਂ ਵਿੱਚ ਰਿਪੋਰਟ ਕਾਰਡ ਗਰੇਡ ਦਰਸਾਉਂਦਾ ਹੈ ਕਿ ਵਿਦਿਆਰਥੀ ਪਾਸ ਹੋ ਰਿਹਾ ਹੈ।
    4. ਕਲਾਸਰੂਮ ਅਧਿਆਪਕ ਦੀ ਸਿਫਾਰਸ਼ ਦਰਸਾਉਂਦੀ ਹੈ ਕਿ ਵਿਦਿਆਰਥੀ ਸਾਧਾਰਨ ਸਿੱਖਿਆ ਵਾਲੇ ਕਲਾਸਰੂਮ ਵਿੱਚ ਦਾਖਲ ਹੋਣ ਲਈ ਤਿਆਰ ਹੈ ਕਿਉਂਕਿ ਉਸਨੇ ਬੌਧਿਕ ਅਕਾਦਮਿਕ ਭਾਸ਼ਾ ਪ੍ਰਵੀਨਤਾ (Cognitive Academic Language Proficiency) ਹਾਸਲ ਕਰ ਲਈ ਹੈ – ਸੁਣਨ ਅਤੇ ਬੋਲਣ ਨਾਲ ਏਕੀਕਿਰਤ ਕੀਤੀ, ਪੜ੍ਹਨ ਅਤੇ ਲਿਖਣ ਦੀ ਭਾਸ਼ਾ, ਜੋ ਕਿਸੇ ਬਕਾਇਦਾ

ਕਲਾਸਰੂਮ ਸਥਾਪਨਾ ਵਿੱਚ ਸਫਲਤਾ ਨਾਲ ਕਾਰਜ ਕਰਨ ਲਈ ਲੋੜੀਂਦੀ ਹੈ।

## ਘਰ ਵਿੱਚ ਮੇਰੇ ਬੱਚੇ ਦੀ ਮਦਦ ਕਰਨ ਲਈ ਮੈਂ ਕੀ ਕਰ ਸਕਦਾ/ਦੀ ਹਾਂ?

- ਆਪਣੇ ਬੱਚੇ ਨਾਲ ਆਪਣੀ ਜੱਦੀ ਭਾਸ਼ਾ ਵਿੱਚ ਗੱਲ ਕਰਨੀ ਜਾਰੀ ਰੱਖੋ।
- ਬੱਚੇ ਨੂੰ ਤੁਹਾਡੀ ਜੱਦੀ ਭਾਸ਼ਾ ਵਿੱਚ ਧਾਰਨਾਵਾਂ ਪੜ੍ਹਾਓ। ਇਸ ਗਿਆਨ ਨੂੰ ਅੰਗਰੇਜ਼ੀ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ।
- ਆਪਣੇ ਬੱਚੇ ਨਾਲ ਰੋਜ਼ਾਨਾ ਆਪਣੀ ਜੱਦੀ ਭਾਸ਼ਾ ਵਿੱਚ ਪੜ੍ਹੋ।
- ਜਨਤਕ ਲਾਇਬਰੇਰੀ ਵਿੱਚ ਬਕਾਇਦਾ ਜਾਓ। ਇਹ ਮੁਫ਼ਤ ਹੁੰਦੀ ਹੈ।

# ਲਘੂਰੂਪ

**ACCESS** — **A**ssessing **C**omprehension and **C**ommunication in **E**nglish **S**tatetoState for English Language Learners.
ਇਹ ਅੰਗਰੇਜ਼ੀ ਭਾਸ਼ਾ ਦੇ ਵਿਕਾਸ ਦੇ ਉਹਨਾਂ ਮਿਆਰਾਂ ’ਤੇ ਆਧਾਰਿਤ ਅੰਗਰੇਜ਼ੀ ਪ੍ਰਵੀਨਤਾ ਦਾ ਵੱਡ-ਪੱਧਰੀ ਟੈਸਟ ਹੈ ਜੋ ਗਰੇਡਾਂ K-12 ਵਿੱਚ ਅੰਗਰੇਜ਼ੀ ਭਾਸ਼ਾ ਸਿੱਖਣ ਵਾਲਿਆਂ ਨੂੰ ਪੜ੍ਹਾਉਣ ਅਤੇ ਉਹਨਾਂ ਦਾ ਮੁਲਾਂਕਣ ਕਰਨ ਲਈ WIDS ਕਨਸੌਰਟੀਅਮ (WIDA Consortium) ਦੀ ਪਹੁੰਚ ਦਾ ਧੁਰਾ ਹਨ।

**BICS** — **B**asic **I**nterpersonal **C**ommunication **S**kills.
ਸਹਿਜਤਾ ਦੀ ਕੁਝ ਡਿਗਰੀ ਦੇ ਨਾਲ ਸਮਾਜ ਵਿੱਚ ਕਾਰਜ ਕਰਨ ਲਈ ਲੋੜੀਂਦੀ ਸਮਾਜਕ ਭਾਸ਼ਾ।

**CALP** — **C**ognitive **A**cademic **L**anguage **P**roficiency.
ਸੁਣਨ ਅਤੇ ਬੋਲਣ ਨਾਲ ਏਕੀਕਿਰਤ ਕੀਤੀ, ਪੜ੍ਹਨ ਅਤੇ ਲਿਖਣ ਦੀ ਭਾਸ਼ਾ, ਜਿਸਦੀ ਵਿਸ਼ਾ (ਅਕਾਦਮਿਕ) ਖੇਤਰ ਸਥਾਪਨਾਵਾਂ ਵਿੱਚ ਸਫਲਤਾ ਨਾਲ ਪ੍ਰਕਾਰਜ਼ ਵਾਸਤੇ ਲੋੜ ਪੈਂਦੀ ਹੈ।

**ESL** — **E**nglish as a **S**econd **L**anguage

**ESOL** — **E**nglish for **S**peakers of **O**ther **L**anguages

**ELL** — **E**nglish **L**anguage **L**earners

**HLS** — **H**ome **L**anguage **S**urvey

**LEP** — **L**imited **E**nglish **P**roficient
ਜ਼ਿਆਦਾਤਰ ਸਿੱਖਿਆ ਮਾਹਰ ਇਸ ਲਘੂ-ਰੂਪ ਨੂੰ ਨਕਾਰਦੇ ਹਨ, ਜੋ ਸ਼ਬਦ ¡¡ãਲਿਮਟਿਡ¡¡À ਦੇ ਨਾਲ ਸ਼ੁਰੂ ਹੁੰਦਾ ਹੈ, ਜਿਸਦਾ ਅਰਥ ਹੈ ਸੀਮਤ ਸਮਰੱਥਾ, ਸੀਮਤ ਬੁੱਧੀ ਜਾਂ ਸੀਮਤ ਉਮੀਦਾਂ। ਦੂਜੇ ਪਾਸੇ, ESOL ਵਿਦਿਆਰਥੀਆਂ ਕੋਲ ਪਹਿਲਾਂ ਹੀ ਇੱਕ ਭਾਸ਼ਾ ਹੁੰਦੀ ਹੈ ਅਤੇ ਉਹ ਇੱਕ ਵਾਧੂ ਭਾਸ਼ਾ ਸਿੱਖ ਰਹੇ ਹੁੰਦੇ ਹਨ।

**NonLEP** — **NonL**imited **E**nglish **P**roficient

# ESL ਪ੍ਰੋਗਰਾਮ ਕੋਡਾਂ ਵਾਸਤੇ ਵਿਆਖਿਆ

ਮੌਖਿਕ ਭਾਸ਼ਾ ਪ੍ਰਵੀਨਤਾ ਪੱਧਰ (Oral Language Proficiency Levels)

ਲੈਵਲ **1:** ਪੂਰਵ-ਨਿਰਮਾਣ (Pre-Production)
- ਨਿਊਨਤਮ ਬੋਧ
- ਕੋਈ ਜ਼ੁਬਾਨੀ ਨਿਰਮਾਣ ਨਹੀਂ

ਲੈਵਲ **2:** ਸ਼ੁਰੂਆਤੀ ਨਿਰਮਾਣ (Early Production)
- ਸੀਮਤ ਬੋਧ
- ਇੱਕ ਜਾਂ ਦੋ ਸ਼ਬਦਾਂ ਵਾਲੇ ਜਵਾਬ

ਲੈਵਲ **3:** ਬੋਲੀ ਦਾ ਉਥਾਨ
- ਵਧੀਆ ਸੰਚਾਰ
- ਕੁਝ ਕੁ ਗਲਤੀਆਂ ਦੇ ਨਾਲ ਸਰਲ ਵਾਕਾਂ ਦਾ ਨਿਰਮਾਣ
- ਛੋਟੇ ਵਾਕਾਂਸ਼

- ਵਾਰਤਾਲਾਪ

ਲੈਵਲ **4:** ਮੱਧਵਰਤੀ (Intermediate)

- ਸ਼ਾਨਦਾਰ ਬੋਧ ਹੋ ਸਕਦਾ ਹੈ
- ਵਿਆਕਰਣ ਦੀਆਂ ਕੁਝ ਕੁ ਗਲਤੀਆਂ ਕਰਦਾ ਹੈ

ਲੈਵਲ **5:** ਉੱਨਤ ਪ੍ਰਵਾਹ (Advanced Fluency)

- ਅੰਗਰੇਜ਼ੀ ਵਿੱਚ ਜੱਦੀ ਬੋਲੀ ਦੇ ਲਗਭਗ ਨੇੜਲੀ ਬੋਲੀ ਦਾ ਪ੍ਰਦਰਸ਼ਨ ਕਰ ਸਕਦਾ ਹੈ